**ਇੰਸਟੀਚਿਊਟ ਆਫ ਮੈਂਟਲ ਹੈਲਥ,**
**(ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ ।**
**ਫੋਨ ਨੰਬਰ 0183–2423920, ਈ–ਮੇਲ directorimhasr@yahoo.com**

## ਨਿਯਮ / ਸ਼ਰਤਾਂ

**ਵਿਸ਼ਾ:–** **ਇੰਸਟੀਚਿਊਟ ਆਫ ਮੈਂਟਲ ਹੈਲਥ (ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ ਦੀ ਹਦੂਦ ਅੰਦਰ ਡਿੱਗੇ ਅਤੇ ਖੜ੍ਹੇ ਰੁੱਖਾਂ ਦੀ ਨਿਲਾਮੀ ਕਰਨ ਬਾਰੇ।**

ਇਸ ਪਬਲਿਕ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਮੈਂਟਲ ਹਸਪਤਾਲ, ਅੰਮ੍ਰਿਤਸਰ ਦੀ ਹਦੂਦ ਅੰਦਰ ਖੜ੍ਹੇ / ਡਿੱਗੇ 39 ਰੁੱਖਾਂ (ਜਿਨ੍ਹਾ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ) ਦੀ ਖੁੱਲ੍ਹੀ ਬੋਲੀ ਨਿਲਾਮੀ ਰਾਹੀਂ ਕੀਤੀ ਜਾਣੀ ਹੈ :–

| ਲੜੀ ਨੰ | ਕਿਸਮ | ਕੁੱਲ ਰੁੱਖ | ਘਣਫਲ |
|---|---|---|---|
| 1. | ਸੀਸ਼ਮ | 9 | 08.60 |
| 2. | ਫੁੱਟਕਲ | 28 | 11.70 |
| 3. | ਤੂਤ | 2 | 01.65 |
| | **ਜੋੜ** | **39** | **21.95** |

ਨਿਯਮ ਅਤੇ ਸ਼ਰਤਾਂ ਹੇਠ–ਲਿਖੇ ਅਨੁਸਾਰ ਹਨ :–

1. ਰੁੱਖਾਂ ਦੀ ਬੋਲੀ ਨਿਮਨਹਸ਼ਤਾਖਰ ਦੇ ਦਫਤਰ ਡਾਇਰਕੈਟਰ, ਇੰਸਟੀਚਿਊਟ ਆਫ ਮੈਂਟਲ ਹੈਲਥ, (ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ ਵਿਖੇ ਆਕਸ਼ਨ ਕਮੇਟੀ ਦੀ ਨਿਗਰਾਨੀ ਹੇਠ ਮਿਤੀ 25.09.2023 ਨੂੰ ਸਵੇਰੇ 11.30 ਵਜੇ ਹੋਵੇਗੀ।
2. ਰੁੱਖਾਂ ਦੀ ਬੋਲੀ ਵਿੱਚ ਹਿੱਸਾ ਲੈਣ ਵਾਲੇ ਚਾਹਵਾਨ ਵਿਅਕਤੀ ਬੋਲੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਹਿਚਾਨ ਪੱਤਰ / ਆਧਾਰ ਕਾਰਡ ਆਦਿ ਦੀ ਫੋਟੋਕਾਪੀ ਅਤੇ 10000/– ਰੁਪਏ ਬਤੌਰ ਬਿਆਨਾ ਰਕਮ / ਸਕਿਉਰਟੀ ਕਿਸੇ ਵੀ ਰਾਸ਼ਟਰੀ ਬੈਂਕ ਦੇ ਡਿਮਾਂਡ ਡਰਾਫਟ ਦੇ ਰੂਪ ਵਿੱਚ ਜੋ ਕਿ Director, Institute of Mental Health (Govt.Mental Hospital), Amritsar ਦੇ ਨਾਮ ਤੇ ਹੋਵੇ ਦਫਤਰ ਡਾਇਰਕੈਟਰ, ਇੰਸਟੀਚਿਊਟ ਆਫ ਮੈਂਟਲ ਹੈਲਥ, (ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ ਦੇ ਹੈੱਡ ਕੈਸ਼ੀਅਰ ਕੋਲ ਜਮ੍ਹਾ ਕਰਵਾਉਣਗੇ।
3. ਸਾਰੇ ਰੁੱਖਾਂ ਦੀ ਬੋਲੀ ਇੱਕ ਹੀ ਲਾਟ ਵਿੱਚ ਕੀਤੀ ਜਾਵੇਗੀ ।
4. ਸਭ ਤੋਂ ਵੱਧ ਬੋਲੀ ਦੇਣ ਵਾਲੇ ਸਫਲ ਬੋਲੀਕਾਰ ਵੱਲੋਂ ਬੋਲੀ ਖਤਮ ਹੋਣ ਉਪਰੰਤ ਬੋਲੀ ਖਤਮ ਹੋਣ ਉਪਰੰਤ ਬੋਲੀ ਦੀ ਸਾਰੀ ਰਕਮ ਸਮੇਤ ਜੀ.ਐਸ.ਟੀ, ਬੈਂਕ ਡਿਮਾਂਡ ਡਰਾਫਟ ਦੇ ਰੂਪ ਵਿੱਚ ਜੋ ਕਿ Director, Institute of Mental Health (Govt.Mental Hospital), Amritsar ਦੇ ਨਾਮ ਤੇ ਹੋਵੇ ਮਿਤੀ 26.09.2023 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ ਦਫਤਰ ਦੇ ਹੈੱਡ ਕੈਸ਼ੀਅਰ ਕੋਲ ਜਮ੍ਹਾ ਕਰਵਾਉਣਗੇ।

5. ਸਫਲ ਬੋਲੀਕਾਰ ਵੱਲੋਂ ਸਾਰੇ ਰੁੱਖ ਬੋਲੀ ਦੀ ਸਾਰੀ ਰਕਮ ਜਮ੍ਹਾ ਹੋਣ ਉਪਰੰਤ ਮਿਤੀ 26.09.2023 ਤੋਂ ਇੱਕ ਹਫਤੇ ਦੇ ਅੰਦਰ ਅੰਦਰ ਆਪਣੀ ਜਿੰਮੇਵਾਰੀ ਅਤੇ ਖਰਚੇ ਤੇ ਕਟਵਾਉਣੇ / ਚੁੱਕਣੇ ਹੋਣਗੇ।

6. ਪਹਿਲੇ ਸਫਲ ਬੋਲੀਕਾਰ ਵੱਲੋਂ ਨਿਲਾਮੀ ਦੀ ਪੂਰੀ ਰਕਮ ਮਿੱਥੀ ਮਿਤੀ ਤੱਕ ਜਮ੍ਹਾ ਨਾ ਕਰਵਾਉਣ ਦੀ ਸੂਰਤ ਵਿੱਚ, ਉਸ ਵੱਲੋਂ ਦਿੱਤੀ ਬੋਲੀ ਨੂੰ ਰੱਦ ਕਰਨ ਅਤੇ ਉਸ ਵੱਲੋਂ ਸਕਿਉਰਟੀ ਦੇ ਰੂਪ ਵਿੱਚ ਜਮ੍ਹਾ ਕਰਵਾਈ ਬਿਆਨਾ ਰਕਮ ਨੂੰ ਜ਼ਬਤ ਕਰਨ ਅਤੇ ਦੂਸਰੇ ਸਭ ਤੋਂ ਵੱਧ ਬੋਲੀ ਵਾਲੇ ਬੋਲੀਕਾਰ ਨੂੰ ਠੇਕਾ ਦੇਣ ਦਾ ਅਧਿਕਾਰ ਰਾਖਵਾਂ ਹੋਵੇਗਾ ।

7. ਨਿਮਨਹਸ਼ਤਾਖਰ / ਆਕਸ਼ਨ ਕਮੇਟੀ ਕੋਲ ਬਿਨਾਂ ਕੋਈ ਕਾਰਨ ਦੱਸੇ ਬੋਲੀ ਦੀਆਂ ਸ਼ਰਤਾਂ ਵਿੱਚ ਤਬਦੀਲੀ ਕਰਨ, ਬੋਲੀ ਮੁਲਤਵੀ ਕਰਨ ਜਾਂ ਬੋਲੀ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ ।

8. ਜੇਕਰ ਨਿਰਧਾਰਿਤ ਮਿਤੀ ਨੂੰ ਅਚਾਨਕ ਕੋਈ ਸਰਕਾਰੀ ਛੁੱਟੀ ਘੋਸ਼ਿਤ ਹੁੰਦੀ ਹੈ ਤਾਂ ਉਸ ਸੂਰਤ ਵਿੱਚ ਬੋਲੀ ਅਗਲੇ ਕੰਮ ਵਾਲੇ ਦਿਨ ਨਿਸ਼ਚਿਤ ਸਮੇਂ ਤੇ ਹੋਵੇਗੀ ।

9. ਬੋਲੀ ਲਈ ਚਾਹਵਾਨ ਵਿਅਕਤੀ ਬੋਲੀ ਦੀ ਤਰੀਕ ਤੋਂ ਪਹਿਲਾਂ, ਜਿਹਨਾਂ ਰੁੱਖਾਂ ਦੀ ਨਿਲਾਮੀ ਕੀਤੀ ਜਾਣੀ ਹੈ, ਉਹਨਾਂ ਰੁੱਖਾਂ ਨੂੰ ਕਿਸੇ ਵੀ ਕੰਮ ਵਾਲੇ ਦਿਨ ਜਾਂ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਦਫਤਰ ਡਾਇਰਕੈਟਰ, ਇੰਸਟੀਚਿਊਟ ਆਫ ਮੈਂਟਲ ਹੈਲਥ, (ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ ਦੇ ਡੀਲਿੰਗ ਸਹਾਇਕ ਨਾਲ ਸੰਪਰਕ ਕਰਕੇ ਨਿਰੀਖਣ ਕਰ ਸਕਦਾ ਹੈ ।

10. ਇਹਨਾਂ ਰੁੱਖਾਂ ਦੀ ਬੋਲੀ ਦੇ ਨਿਯਮ / ਸ਼ਰਤਾਂ ਇਸ ਸੰਸਥਾ ਦੀ ਵੈੱਬਸਾਈਟ www.imhamritsar.org ਤੋਂ ਵੀ ਪੜ੍ਹੀਆਂ ਜਾ ਸਕਦੀਆਂ ਹਨ ।

11. ਇਹਨਾਂ ਰੁੱਖਾਂ ਦੀ ਬੋਲੀ ਨਾਲ ਸਬੰਧਤ ਕੋਈ ਵੀ ਜਾਣਕਾਰੀ ਲੈਣ ਲਈ ਦਫਤਰ ਦੇ ਫੋਨ ਨੰਬਰ 0183-2423920, ਡੀਲਿੰਗ ਸਹਾਇਕ ਮੋਬਾਇਲ ਨੰਬਰ 70099-60188 ਅਤੇ ਮੋਬਾਇਲ ਨੰਬਰ 81980-73433 ਤੇ ਸੰਪਰਕ ਕਰਕੇ ਜਾਣਕਾਰੀ ਲਈ ਜਾ ਸਕਦੀ ਹੈ ।

**ਡਾਇਰੈਕਟਰ,**
**ਇੰਸਟੀਚਿਊਟ ਆਫ ਮੈਂਟਲ ਹੈਲਥ**
**(ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ**